**ਸਿਖ ਆਫ ਅਮਰੀਕਾ  ਵਰਲਡ ਕੰਪੀਟੀਸ਼ਨ**

- **ਮਾਤਾ ਗੁਜਰ ਕੌਰ ਜੀ**

**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ। ਜਵਾਬ ਵਿਸਥਾਰ ਵਿੱਚ ਦਿੱਤਾ ਜਾਵੇ।**

ਪ੍ਰ1 ਮਾਤਾ ਗੁਜਰੀ ਕੌਣ ਸਨ ਅਤੇ ਉਨ੍ਹਾਂ ਦਾ ਜਨਮ ਕਦੋਂ ਹੋਇਆ?
ਉ, ਮਾਤਾ ਗੁਜਰੀ ਜਿਨ੍ਹਾਂ ਦਾ ਨਾਮ ਮਾਤਾ ਗੁਜਰ ਕੌਰ ਵੀ ਸੀ ਗੁਰੂ ਤੇਗ ਬਹਾਦਰ ਜੀ ਦੀ ਪਤਨੀ, ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਅਤੇ ਚਾਰ ਸਾਹਿਬਜ਼ਾਦਿਆਂ ਦੀ ਦਾਦੀ ਸੀ। ਉਨ੍ਹਾਂ ਦਾ ਜਨਮ 1624  ਵਿੱਚ ਕਰਤਾਰਪੁਰ ਸਾਹਿਬ ਜੋ ਅੱਜ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਵਿੱਚ ਹੈ ਵਿਖੇ ਹੋਇਆ। ਉਹ ਭਾਈ ਲਾਲ ਚੰਦ ਸੁਭਲਿਕਾ ਅਤੇ ਬਿਸ਼ਨ ਕੌਰ ਜੀ ਦੀ ਪੁੱਤਰੀ ਸਨ। ਸਿੱਖ ਧਰਮ ਦੇ ਵਿਕਾਸ ਵਿਚ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ।

ਪ2 ਉਹ  ਕਿੰਨਿਆਂ ਬੱਚਿਆਂ ਦੀ ਦਾਦੀ ਸਨ?
ਉ ਉਹ ਮਹਾਨ ਸ਼ਹੀਦ ਅਤੇ ਸੰਤ ਸਿਪਾਹੀ ਗੁਰੂ ਤੇਗ ਬਹਾਦਰ ਜੀ ਦੀ ਪਤਨੀ ਸਨ।।
ਉਹ ਚਾਰ ਦਲੇਰ ਬੱਚਿਆਂ ਦੀ ਦਾਦੀ ਮਾਂ ਸਨ ਜਿਨ੍ਹਾਂ ਨੇ ਛੇ, ਨੌਂ, ਚੌਦਾਂ ਅਤੇ ਅਠਾਰਾਂ ਸਾਲ ਦੀ ਉਮਰ ਵਿੱਚ ਸ਼ਹਾਦਤ ਪ੍ਰਾਪਤ ਕੀਤੀ। ਉਹ ਛੋਟੇ ਸਾਹਿਬਜ਼ਾਦਿਆਂ ਦੇ ਬਹੁਤ ਨਜ਼ਦੀਕ ਸਨ ਅਤੇ ਉਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਪੰਜਾਬ ਸਹੀ ਸਲਾਮਤ ਲਿਜਾਣ ਦੀ ਜ਼ਿੰਮੇਵਾਰੀ ਲਈ। ਗ੍ਰਿਫ਼ਤਾਰ ਹੋਣ ਉਪਰੰਤ ਉਨ੍ਹਾਂ ਨੂੰ ਸਰਹਿੰਦ ਦੇ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ ਤੇ 81 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ।

ਪ3 ਮਾਤਾ ਗੁਜਰੀ ਨੇ  ਕਿਸ ਨੂੰ ਜਨਮ ਦਿੱਤਾ?
ਉ ਮਾਤਾ ਗੁਜਰੀ ਨੇ 1650 ਤੋਂ 1705 ਤੱਕ ਇਸ ਔਖੇ ਸਮੇਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ 1656 ਤੋਂ 1707 ਤੱਕ ਦਾ ਸਮਾਂ ਔਰੰਗਜ਼ੇਬ ਦੇ ਜ਼ਾਲਮ ਰਾਜ ਦਾ ਸਮਾਂ ਸੀ ਮਾਤਾ ਗੁੱਜਰ ਕੌਰ ਇੱਕ ਲੋਹ ਇਸਤਰੀ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਨੂੰ ਜਨਮ ਦਿੱਤਾ ਅਤੇ ਪਾਲਣ ਪੋਸ਼ਣ ਕੀਤਾ।

ਪ4ਮਾਤਾ ਗੁਜਰੀ ਦਾ ਸਿੱਖ ਇਤਿਹਾਸ ਵਿੱਚ ਯੋਗਦਾਨ।
ਉ ਮਾਤਾ ਗੁਜਰੀ ਨੇ 1666 ਨੂੰ ਪਟਨਾ ਵਿਖੇ ਗੋਬਿੰਦ ਰਾਏ ਨੂੰ ਜਨਮ ਦਿੱਤਾ। ਉਸ ਸਮੇਂ ਉਨ੍ਹਾਂ ਦੀ ਉਮਰ 42 ਸਾਲ ਸੀ ਤੇ ਉਹ ਇਕੱਲੇ ਪਟਨਾ ਵਿਖੇ ਰਹਿ ਰਹੇ ਸਨ। ਉਸ ਸਮੇਂ ਗੁਰੂ ਤੇਗ ਬਹਾਦਰ ਅਸਾਮ ਅਤੇ ਬੰਗਾਲ ਵਿੱਚ ਗੁਰੂ ਸ਼ਬਦ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਨਿਕਲੇ ਹੋਏ ਸਨ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਵਿੱਚ ਸਿੱਖੀ ਦੇ ਗੁਣ ਭਰੇ ਜਿਸ ਦੀ ਵਜ੍ਹਾ ਨਾਲ ਗੁਰੂ ਗੋਬਿੰਦ ਸਿੰਘ ਬਹੁਤ ਹੀ ਬਹਾਦਰ ਅਤੇ ਦਿਆਨਤਦਾਰ ਯੋਧੇ ਬਣੇ। ਉਸ ਸਮੇਂ ਮਾਤਾ ਜੀ ਦੀ ਉਮਰ 51 ਸਾਲ ਸੀ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ । ਉਸ ਸਮੇਂ ਮਾਤਾ ਗੁਜਰ ਕੌਰ ਨੇ ਸਿੱਖ ਕੌਮ ਨੂੰ ਦਿਸ਼ਾ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਨੂੰ ਇੱਕ ਮਹਾਨ ਨੇਤਾ ਬਣਨ ਲਈ ਪ੍ਰੇਰਿਆ।ਉਨ੍ਹਾਂ ਦੀ ਵਿਧਵਾ ਜ਼ਿੰਦਗੀ ਇਸ ਗੱਲ ਦੀ ਉਦਾਹਰਣ ਹੈ ਕਿ ਕਿਵੇਂ ਅਕਾਲ ਪੁਰਖ ਦੇ ਭਾਣੇ ਵਿੱਚ ਰਹਿੰਦਿਆਂ ਚੜ੍ਹਦੀ ਕਲਾ ਨਾਲ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਪ5 ਕਿਸ ਸਾਲ ਵਿੱਚ ਮਾਤਾ ਗੁਜਰੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਰੱਖਿਆ?
ਉ  ਜੁਲਾਈ 1967 ਵਿੱਚ ਮਾਤਾ ਗੁਜਰੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਰੱਖਿਆ। ਗਿਆਰਾਂ ਸਾਲ ਦੀ ਉਮਰ ਵਿੱਚ ਗੁਰੂ ਜੀ ਦਾ ਵਿਆਹ ਮਾਤਾ ਜੀਤੋ ਨਾਲ ਹੋਇਆ ਅਤੇ ਉੱਨੀ ਸਾਲ ਦੀ ਉਮਰ ਭਾਵ 1685 ਵਿੱਚ ਮੁਕਲਾਵੇ ਦੇ ਰੂਪ ਵਿੱਚ ਮਾਤਾ ਜੀਤੋ ਜੀ ਨੂੰ

ਅਨੰਦਪੁਰ ਸਾਹਿਬ ਵਿਖੇ ਲਿਆਂਦਾ ਗਿਆ।ਮਾਤਾ ਗੁਜਰ ਕੌਰ ਨੇ ਯਕੀਨੀ ਬਣਾਇਆ ਕਿ ਇਹ ਜੋੜੀ ਗੁਰੂ ਵੱਲੋਂ ਦਰਸਾਏ ਮਾਰਗ ਉੱਪਰ ਚੱਲੇ।

ਪ6 ਕਿਸ ਸਮੇਂ ਦੌਰਾਨ ਮਾਤਾ ਗੁਜਰੀ ਜੀ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਕੌਮ ਨੂੰ ਦਿਸ਼ਾ ਤੇ ਦੇਣ ਕਰਕੇ ਇੱਕ ਸਤੰਭ ਦੇ ਤੌਰ ਤੇ ਦੇਖਿਆ ਜਾਂਦਾ ਹੈ?
ੳ, 1685 ਤੋਂ 1705 ਤੱਕ ਦੇ ਵੀਹ ਸਾਲ ਦੇ ਕਾਲ ਦੌਰਾਨ ਮਾਤਾ ਗੁਜਰੀ ਨੂੰ ਇਕ ਮਜ਼ਬੂਤ ਸਤੰਭ ਦੇ ਤੌਰ ਤੇ ਦੇਖਿਆ ਜਾਂਦਾ ਹੈ।ਇਸ ਸਮੇਂ ਦੌਰਾਨ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਆਪਣੇ ਪੋਤਰਿਆਂ ਦੇ ਪਾਲਣ ਪੋਸ਼ਣ ਵਿੱਚ ਵੀ ਯੋਗਦਾਨ ਪਾਇਆ। ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 1687, ਸਾਹਿਬਜਾਦਾ ਜ਼ੋਰਾਵਰ ਸਿੰਘ ਦਾ ਜਨਮ 1691, ਸਾਹਿਬਜ਼ਾਦਾ ਜ਼ੋਰਾਵਰ ਸਿੰਘ 1696 ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਜਨਮ 1699 ਵਿੱਚ ਹੋਇਆ।

ਪ7 ਸੰਨ 1700 ਵਿੱਚ ਕੌਣ ਜੋਤੀ ਜੋਤ ਸਮਾਇਆ?
ੳ, ਜਦੋਂ ਮਾਤਾ ਜੀ ਦੀ ਉਮਰ 70 ਸਾਲ ਸੀ ਤਾਂ 1700 ਈ ਵਿੱਚ ਮਾਤਾ ਸੁੰਦਰੀ ਜੀ ਜੋਤੀ ਜੋਤ ਸਮਾਏ।ਉਸ ਸਮੇਂ ਛੋਟੇ ਸਾਹਿਬਜ਼ਾਦਿਆਂ ਦੀ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਮਾਤਾ ਗੁਜਰ ਕੌਰ ਨੇ ਨਿਭਾਈ।ਉਹ ਛੋਟੇ ਸਾਹਿਬਜ਼ਾਦਿਆਂ ਲਈ ਇੱਕ ਮਾਂ ਦੇ ਸਮਾਨ ਸਨ।ਉਹ ਛੋਟੇ ਸਾਹਿਬਜ਼ਾਦਿਆਂ ਦੇ ਬਹੁਤ ਨਜ਼ਦੀਕ ਸਨ ਤੇ ਉਹ ਉਨ੍ਹਾਂ ਦੇ ਨਾਲ ਹੀ ਜੀਏ ਅਤੇ ਉਨ੍ਹਾਂ ਦੇ ਨਾਲ ਹੀ ਸ਼ਹਾਦਤ ਪ੍ਰਾਪਤ ਕੀਤੀ।ਇਹ ਉਨ੍ਹਾਂ ਦੀ ਹੀ ਪ੍ਰਪੱਕਤਾ ਅਤੇ ਸਿੱਖਿਆ ਸੀ ਜਿਸਦੀ ਵਜ੍ਹਾ ਦੇ ਨਾਲ ਛੋਟੇ ਸਾਹਿਬਜ਼ਾਦੇ ਸੱਤ ਅਤੇ ਨੌਂ ਸਾਲ ਦੀ ਉਮਰ ਵਿੱਚ ਵੀ ਆਪਣੇ ਧਰਮ ਤੋਂ ਨਾ ਡੋਲੇ ਅਤੇ ਸ਼ਹਾਦਤ ਦਿੱਤੀ।

ਪ8 ਮਾਤਾ ਜੀ ਦਾ ਪਾਲਣ ਪੋਸ਼ਣ ਕਿਵੇਂ ਹੋਇਆ ਅਤੇ ਉਨ੍ਹਾਂ ਦੇ ਸਿੱਖ ਕੌਮ ਦੇ ਇਤਿਹਾਸ ਵਿੱਚ ਪਾਏ ਯੋਗਦਾਨ ਬਾਰੇ ਵਰਨਣ ਕਰੋ?
ੳ, ਇੱਕ ਪੁੱਤਰੀ ਦੇ ਤੌਰ ਤੇ ਮਾਤਾ ਜੀ ਦਾ ਗੁਰੂ ਸਾਹਿਬ ਦੇ ਦਰਸਾਏ ਮਾਰਗ ਅਨੁਸਾਰ ਪਾਲਣ ਪੋਸ਼ਣ ਕੀਤਾ ਗਿਆ।ਮਾਤਾ ਜੀ ਨੇ ਆਪਣੇ ਮਾਤਾ ਪਿਤਾ ਦੀਆਂ ਉਮੀਦਾਂ ਤੋਂ ਵੀ ਵਧ ਕੇ ਤਿਆਗ ਬਲੀਦਾਨ ਅਤੇ ਰੱਬੀ ਬਰਕਤ ਦੀ ਮੂਰਤ ਬਣ ਕੇ ਸਿੱਖ ਕੌਮ ਦੀ ਸੇਵਾ ਕੀਤੀ।ਇੱਕ ਪਤਨੀ ਦੇ ਤੌਰ ਤੇ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦਾ ਉਸ ਸਮੇਂ ਸਾਥ ਦਿੱਤਾ ਜਦੋਂ ਉਹ ਡੂੰਘੀ ਭਗਤੀ ਵਿੱਚ ਲੀਨ ਸਨ ਅਤੇ ਬਾਅਦ ਵਿੱਚ ਜਦੋਂ ਉਹ ਅਸਾਮ ਅਤੇ ਬੰਗਾਲ ਦੀ ਯਾਤਰਾ ਤੇ ਸਨ। ਅਖੀਰੀ ਸਮੇਂ ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿਖੇ ਬਲਿਦਾਨ ਦੇਣ ਵਾਸਤੇ ਰਵਾਨਾ ਹੋਏ ਤਾਂ ਮਾਤਾ ਜੀ ਨੇ ਉਸ ਸਮੇਂ ਵੀ ਉਨ੍ਹਾਂ ਦਾ ਸਾਥ ਦਿੱਤਾ।

ਪ9 ਉਨ੍ਹਾਂ ਦੇ ਭਰਾ ਕੌਣ ਸਨ?
ੳ, ਉਨ੍ਹਾਂ ਦੇ ਭਰਾ ਕਿਰਪਾਲ ਚੰਦ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਮਾਤਾ ਜੀ ਅਤੇ ਉਨ੍ਹਾਂ ਦੇ ਭਰਾ ਨੇ ਮਿਲ ਕੇ ਸਿੱਖ ਕੌਮ ਨੂੰ ਸੰਭਾਲਣ ਦਾ ਕੰਮ ਕੀਤਾ ਅਤੇ ਲੰਗਰ ਪ੍ਰਥਾ ਨੂੰ ਜਾਰੀ ਰੱਖਿਆ। ਉਨ੍ਹਾਂ ਨੇ ਫੌਜ ਦੇ ਮੁਖੀ ਦੀ ਭੂਮਿਕਾ ਵੀ ਨਿਭਾਈ।ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਲਣ ਪੋਸ਼ਣ ਅਤੇ ਉਨ੍ਹਾਂ ਨੂੰ ਜੰਗ ਦੇ ਲਈ ਪ੍ਰੇਰਨ ਵਿੱਚ ਵੀ ਮਹੱਤਵਪੂਰਨ ਕਾਰਕ ਨਿਭਾਈ।ਭੰਗਾਣੀ ਦੇ ਯੁੱਧ ਵਿੱਚ ਉਨ੍ਹਾਂ ਵੱਲੋਂ ਦਿਖਾਈ ਗਈ ਬਹਾਦਰੀ ਨੂੰ ਭੁਲਾਇਆ ਨਹੀਂ ਜਾ ਸਕਦਾ।

ਪ10 ਇੱਕ ਮਾਂ ਦੇ ਤੌਰ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਕਿਵੇਂ ਢਾਲਿਆ?
ੳ, ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਇਕੱਲਿਆਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਉਨ੍ਹਾਂ ਨੂੰ ਖਾਲਸੇ ਦੇ ਪਿਤਾ ਹੋਣ ਦਾ ਬਲ ਬਖ਼ਸ਼ਿਆ।ਇੱਕ ਦਾਦੀ ਦੇ ਤੌਰ ਤੇ ਉਨ੍ਹਾਂ ਨੇ ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਨੂੰ ਜੰਗ ਦੇ ਵਿੱਚ ਸ਼ਹੀਦੀ ਪ੍ਰਾਪਤ ਕਰਨ ਲਈ ਅਤੇ ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕਰਨ ਦੇ ਸੰਮਨ ਆਏ ਤਾਂ ਉਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਵਾਰ ਵਾਰ ਇਹੀ ਗੱਲ ਕਹੀ ਕਿ ਆਪਣੇ ਧਰਮ ਤੋਂ ਨਾ ਡੋਲਣਾ ਅਤੇ ਆਪਣੇ ਦਾਦੇ ਅਤੇ ਪੜ੍ਹਦਾਦੇ ਵਾਂਗ ਗੁਰੂ ਨਾਨਕ ਦੇ ਦੱਸੇ ਮਾਰਗ ਨੂੰ ਚਲਾਉਣ ਵਾਸਤੇ ਸ਼ਹੀਦੀ ਦੇਣ ਲਈ ਪ੍ਰੇਰਿਆ।

ਪ11 ਸਾਹਿਬਜ਼ਾਦਿਆਂ ਨੂੰ ਪਾਲਣ ਅਤੇ ਪ੍ਰਪੱਕ ਬਣਾਉਣ ਵਿੱਚ ਉਨ੍ਹਾਂ ਦਾ ਕਿੰਨਾ ਯੋਗਦਾਨ ਸੀ?
ੳ, ਸਾਹਿਬਜ਼ਾਦਿਆਂ ਦੇ ਪਾਲਣ ਅਤੇ ਸਿੱਖੀ ਵਿੱਚ ਪ੍ਰਪੱਕ ਹੋਣ ਪਿੱਛੇ ਮਾਤਾ ਗੁੱਜਰ ਕੌਰ ਦਾ ਇਨ੍ਹਾਂ ਮਹੱਤਵਪੂਰਨ ਯੋਗਦਾਨ ਸੀ ਕਿ ਅਸੀਂ ਸਿੱਖ ਆਪਣੀ ਹੋਂਦ ਦੀ ਵਜ੍ਹਾ ਹੀ ਮਾਤਾ ਜੀ ਨੂੰ ਮੰਨਦੇ ਹਾਂ। ਇਹ ਉਨ੍ਹਾਂ ਵੱਲੋਂ ਦਿੱਤੀ ਪ੍ਰੇਰਨਾ ਹੀ ਸੀ ਕਿ ਸਾਹਿਬਜ਼ਾਦੇ ਆਪਣੇ ਧਰਮ ਤੋਂ ਨਾ ਡੋਲੇ। ਜੇ ਉਸ ਸਰਦ ਰਾਤ ਵਿੱਚ ਸਾਹਿਬਜ਼ਾਦੇ ਆਪਣੇ ਧਰਮ ਤੋਂ ਡੋਲ ਜਾਂਦੇ ਤਾ ਬੇਸ਼ੱਕ ਅੱਜ ਸਿੱਖ ਧਰਮ ਦੀ ਹੋਂਦ ਇਸ

ਧਰਤੀ ਉਪਰ ਨਾ ਹੁੰਦੀ ।ਇਹ ਮਾਤਾ ਜੀ ਵੱਲੋਂ ਦਿੱਤੀਆਂ ਸਿੱਖਿਆਵਾਂ ਹੀ ਸਨ ਅਤੇ ਪ੍ਰੇਰਨਾ ਹੀ ਸੀ ਜਿਸ ਦੀ ਵਜ੍ਹਾ ਨਾਲ ਸਾਹਿਬਜ਼ਾਦੇ ਹਜ਼ਾਰਾਂ ਯੋਧਿਆਂ ਨੇ ਆਪਣੇ ਸਿਰ ਦੇਣੇ ਤਾਂ ਪ੍ਰਵਾਨ ਕੀਤੀ ਪਰ ਆਪਣਾ ਧਰਮ ਨਾ ਛੱਡਿਆ।

ਪ12 ਦਸੰਬਰ ਦੇ ਠੰਡੇ ਮਹੀਨੇ ਵਿੱਚ ਠੰਢੇ ਬੁਰਜ ਵਿੱਚ ਕਿਸ ਨੂੰ ਕੈਦ ਕੀਤਾ ਗਿਆ?
ੳ ਮਾਤਾ ਗੁਜਰ ਕੌਰ ਨੂੰ ਸਾਹਿਬਜ਼ਾਦਿਆਂ ਦੇ ਨਾਲ ਠੰਢੇ ਬੁਰਜ ਵਿੱਚ ਕੈਦ ਕੀਤਾ ਗਿਆ। ਜਦੋਂ ਮਾਤਾ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਦੀ ਗੱਲ ਸੁਣੀ ਤਾਂ ਉਹ ਵੀ ਸ਼ਹੀਦ ਸ਼ਹਾਦਤ ਪ੍ਰਾਪਤ ਕਰ ਗਏ ਤੇ ਉਨ੍ਹਾਂ ਦਾ ਮਿਸ਼ਨ  ਸਫਲ ਹੋਇਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸ਼ਸ਼ੀ ਬਾਲਾ ਅਨੁਸਾਰ ਮਾਤਾ ਗੁਜਰੀ ਨੇ ਇੱਕ ਸ਼ਹੀਦ ਦੀ ਪਤਨੀ ਸ਼ਹੀਦ ਦੀ ਮਾਂ, ਸ਼ਹੀਦਾਂ ਦੀ ਦਾਦੀ, ਅਤੇ ਖ਼ੁਦ ਇੱਕ ਸ਼ਹੀਦ ਹੋਣ ਦਾ ਰੁਤਬਾ ਪ੍ਰਾਪਤ ਕੀਤਾ। ਉਹ ਜਾਣਦੇ ਸਨ ਕਿ ਜ਼ਿੰਦਗੀ ਕਿਵੇਂ ਜੀਵੀ ਜਾਂਦੀ ਹੈ ਅਤੇ ਕਿਵੇਂ ਮਰਿਆ ਜਾਂਦਾ ਹੈ।ਉਹ ਹਮੇਸ਼ਾਂ ਲਈ  ਲੱਖਾਂ ਆਤਮਾਵਾਂ ਦੀ ਪ੍ਰੇਰਨਾ ਦਾ ਸਰੋਤ ਰਹਿਣਗੇ।

ਪ13 ਉਨ੍ਹਾਂ ਦਾ ਜਨਮ ਕਦੋਂ ਹੋਇਆ?
ੳ, ਉਨ੍ਹਾਂ ਦਾ ਜਨਮ 1624  ਵਿੱਚ ਭਾਈ ਲਾਲ ਚੰਦ ਸੁਭਲਿਕਾ ਅਤੇ ਬਿਸ਼ਨ ਕੌਰ ਦੇ ਘਰ ਕਰਤਾਰਪੁਰ ਵਿਖੇ ਹੋਇਆ ਜੋ ਅੱਜ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਵਿੱਚ ਸਥਿਤ ਹੈ।ਲਾਲ ਚੰਦ ਅੰਬਾਲੇ ਦੇ ਲੱਖਣਪੁਰ ਪਿੰਡ ਤੋਂ ਚੱਲ ਕੇ ਕਰਤਾਰਪੁਰ  ਵਿਖੇ ਵਸੇ ਸਨ ਜਿੱਥੇ 1633 ਵਿੱਚ ਉਨ੍ਹਾਂ ਦੀ ਬੇਟੀ ਦਾ ਵਿਆਹ ਗੁਰੂ ਤੇਗ ਬਹਾਦਰ ਨਾਲ ਹੋਇਆ।ਉਨ੍ਹਾਂ ਦਾ ਮੰਗਣਾ ਚਾਰ ਸਾਲ ਪਹਿਲਾਂ ਜਦੋਂ ਗੁਰੂ ਤੇਗ ਬਹਾਦਰ ਆਪਣੇ ਭਰਾ ਸੂਰਜ ਮੱਲ ਦੇ ਵਿਆਹ ਤੇ ਆਏ ਸਨ ਉਸ ਸਮੇਂ ਹੋਇਆ ਸੀ।ਮਾਤਾ ਬਿਸ਼ਨ ਕੌਰ ਨੇ ਗੁਰੂ ਤੇਗ਼ ਬਹਾਦਰ ਦੇ ਚਿਹਰੇ ਤੇ ਜਲਾਲ ਵੇਖ ਕੇ ਉਨ੍ਹਾਂ ਨੂੰ ਆਪਣੀ ਬੇਟੀ ਦੇ ਵਰ ਵਜੋਂ ਚੁਣਿਆ।

ਪ14 ਕਿਸ ਨੇ ਹਰ ਇੱਕ ਦੀ ਪ੍ਰਸੰਸਾ ਹਾਸਲ ਕੀਤੀ?
ੳ, ਜਦੋਂ ਵਿਆਹ ਤੋਂ ਬਾਅਦ ਨਵੀਂ ਜੋੜੀ ਅੰਮ੍ਰਿਤਸਰ ਵਿਖੇ ਪਹੁੰਚੀ ਤਾਂ ਮਾਤਾ ਗੁਜਰੀ ਜੀ ਨੇ ਹਰ ਇੱਕ ਦੀ ਪ੍ਰਸੰਸਾ ਹਾਸਲ ਕੀਤੀ।ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦੇ ਅਨੁਸਾਰ ਉਨ੍ਹਾਂ ਨੂੰ ਲਾੜੇ ਵਰਗੀ ਲਾੜੀ ਕਿਹਾ ਗਿਆ। 1635 ਵਿੱਚ ਮਾਤਾ ਗੁਜਰੀ ਆਪਣੇ ਪਰਿਵਾਰ ਨਾਲ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵਸੇ ਕੀਰਤਪੁਰ ਸਾਹਿਬ ਵਿਖੇ ਚਲੇ ਗਏ। 1644 ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਆਪਣੇ ਪਤੀ ਅਤੇ ਸੱਸ ਮਾਤਾ ਨਾਨਕੀ ਨਾਲ ਬਕਾਲਾ ਵਿਖੇ ਆ ਗਏ ਜੋ ਅੱਜ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਥਿਤ ਹੈ।

ਪ15 ਉਹ ਕਿਸ ਤਰ੍ਹਾਂ ਦੇ ਵਾਤਾਵਰਨ ਵਿੱਚ ਰਹੇ?
ੳ, ਉਹ ਬਹੁਤ ਸ਼ਾਂਤ ਵਾਤਾਵਰਨ ਵਿੱਚ ਰਹੇ। ਗੁਰੂ ਤੇਗ਼ ਬਹਾਦਰ ਜੀ ਡੂੰਘੀ ਭਗਤੀ ਵਿੱਚ ਨਹੀਂ ਰਹਿੰਦੇ ਅਤੇ ਮਾਤਾ ਜੀ ਸਿੱਖ ਪੰਥ ਦੀ ਸੇਵਾ ਵਿੱਚ ਲੀਨ ਰਹਿੰਦੇ। 1664 ਵਿੱਚ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰਤਾ ਗੱਦੀ ਮਿਲਣ ਉਪਰੰਤ ਉਨ੍ਹਾਂ ਨਾਲ ਕੀਰਤਪੁਰ ਸਾਹਿਬ ਦੇ ਨਜ਼ਦੀਕ ਚੱਕ ਨਾਨਕੀ ਨਾਮ ਦੇ ਜਗ੍ਹਾ ਉੱਪਰ ਆਣ ਵੱਸੇ ਚੱਕ ਨਾਨਕੀ ਦੀ ਸਥਾਪਨਾ ਗੁਰੂ ਤੇਗ਼ ਬਹਾਦਰ ਜੀ ਨੇ 1665 ਵਿੱਚ ਕੀਤੀ ਸੀ।

ਪ16 ਗੁਰੂ ਤੇਗ ਬਹਾਦਰ ਜੀ ਦੇ ਨਾਲ ਹੋਰ ਕੌਣ ਪੂਰਬ ਦੀ ਲੰਮੀ ਯਾਤਰਾ ਉੱਪਰ ਨਿਕਲਿਆ?
ੳ, ਗੁਰੂ ਤੇਗ ਬਹਾਦਰ ਨਾਲ ਬੀਬੀ ਨਾਨਕੀ ਅਤੇ ਮਾਤਾ ਗੁਜਰੀ ਲੰਮੀ ਯਾਤਰਾ ਤੇ ਨਿਕਲੇ। ਗੁਰੂ ਤੇਗ ਬਹਾਦਰ ਉਨ੍ਹਾਂ ਨੂੰ ਪਟਨੇ ਛੱਡ ਕੇ ਆਪ ਬੰਗਾਲ ਅਤੇ ਅਸਾਮ ਦੀ ਯਾਤਰਾ 'ਤੇ ਗਏ ਤੇ 1666 ਦੇ ਵਿੱਚ ਮਾਤਾ ਗੁਜਰੀ ਜੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਗੁਰੂ ਤੇਗ਼ ਬਹਾਦਰ ਜੀ 1670 ਵਿੱਚ ਵਾਪਸ ਪਟਨਾ ਪਹੁੰਚੇ ਅਤੇ ਕੁਝ ਦੇਰ ਉੱਥੇ ਰੁਕਣ ਤੋਂ ਬਾਅਦ ਦਿੱਲੀ ਲਈ ਰਵਾਨਾ ਹੋਏ ਅਤੇ ਪਰਿਵਾਰ ਨੂੰ ਲਖਨੌਰ ਜੋ ਅੱਜ ਹਰਿਆਣਾ ਵਿੱਚ ਹੈ,ਦੇ ਸਥਾਨ ਤੇ ਰੁਕਣ ਲਈ ਕਿਹਾ।

ਪ17 ਮਾਤਾ ਗੁਜਰੀ ਦੇ ਨਾਲ ਕੌਣ ਕੌਣ ਸਨ?
ੳ, ਜਦੋਂ ਮਾਤਾ ਗੁਜਰੀ 13 ਸਤੰਬਰ 1670  ਨੂੰ ਲਖਨੌਰ ਪਹੁੰਚੇ ਤਾਂ ਉਨ੍ਹਾਂ ਦੇ ਨਾਲ ਬਜ਼ੁਰਗ ਮਾਤਾ ਨਾਨਕੀ ਅਤੇ ਬਾਲ ਗੋਬਿੰਦ ਰਾਏ ਸਨ। ਇੱਥੇ ਉਹ ਆਪਣੇ ਭਰਾ ਮੇਹਰ ਚੰਦ ਨਾਲ ਉਨੀ ਦੇਰ ਰਹੇ ਜਿੰਨੀ ਦੇਰ ਗੁਰੂ ਤੇਗ ਬਹਾਦਰ ਦੁਬਾਰਾ ਉਸ ਜਗ੍ਹਾ ਤੇ ਨਹੀਂ ਪਹੁੰਚੇ। ਇਸ ਜਗ੍ਹਾ ਤੇ ਮਾਤਾ ਦਾ ਖੂਹ ਨਾਮ ਦਾ ਇੱਕ ਪੁਰਾਣਾ ਖੂਹ ਹੈ ਜੋ ਉਨ੍ਹਾਂ ਦੀ ਯਾਤਰਾ ਦੀ ਯਾਦ ਤਾਜ਼ਾ ਕਰਵਾਉਂਦਾ ਹੈ।ਇਸ ਤੋਂ ਬਾਅਦ ਪਰਿਵਾਰ ਚੱਕ ਨਾਨਕੀ ਲਈ ਰਵਾਨਾ ਹੋਇਆ ਜਿੱਥੇ ਗੁਰੂ ਤੇਗ ਬਹਾਦਰ ਮਾਲਵੇ ਦੇ ਵੱਖ ਵੱਖ ਖਿੱਤਿਆਂ ਵਿੱਚ ਹੁੰਦੇ ਹੋਏ 1671 ਵਿੱਚ ਪਹੁੰਚੇ।

ਪ18 ਗਿਆਰਾਂ ਜੁਲਾਈ 1675 ਨੂੰ ਕੀ ਵਾਪਰਿਆ?
ੳ, ਇਹ ਦਿਨ ਬਹੁਤ ਹੀ ਇਤਿਹਾਸਕ ਦਿਨ ਹੈ। ਇਸ ਦਿਨ ਗੁਰੂ ਤੇਗ ਬਹਾਦਰ ਜੀ ਚੱਕ ਨਾਨਕੀ ਤੋਂ ਦਿੱਲੀ ਲਈ ਬਲੀਦਾਨ ਦੇਣ ਵਾਸਤੇ ਰਵਾਨਾ ਹੋਏ। ਇਸ ਔਖੇ ਸਮੇਂ ਮਾਤਾ ਜੀ ਨੇ ਬਹੁਤ ਹਿੰਮਤ ਦਿਖਾਈ 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਬਹੁਤ ਛੋਟੀ ਸੀ ਮਾਤਾ ਜੀ ਨੇ ਆਪਣੇ ਭਰਾ ਕਿਰਪਾਲ ਚੰਦ ਦੀ ਮਦਦ ਨਾਲ ਚੱਕ ਨਾਨਕੀ ਦਾ ਕਾਰਜਭਾਰ ਸੰਭਾਲਿਆ।

ਪ19 ਵਿਸਾਖੀ ਅੰਮ੍ਰਿਤ ਸੰਚਾਰ ਤੇ ਮਾਤਾ ਜੀ ਨੇ ਕੀ ਪ੍ਰਾਪਤ ਕੀਤਾ?
ੳ ਵਿਸਾਖੀ ਅੰਮ੍ਰਿਤ ਸੰਚਾਰ ਤੇ ਮਾਤਾ ਜੀ ਨੇ ਪਰਿਵਾਰ ਸਮੇਤ ਅੰਮ੍ਰਿਤ ਪ੍ਰਾਪਤ ਕੀਤਾ ਅਤੇ ਉਨ੍ਹਾਂ ਦਾ ਨਾਮ ਗੁੱਜਰੀ ਤੋਂ ਗੁਜਰ ਕੌਰ ਹੋ ਗਿਆ। . 4 5 ਦਸੰਬਰ 1705 ਨੂੰ ਲੰਮੇ ਸਮੇਂ ਦੇ ਘੇਰੇ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਦਾ ਕਿਲਾ ਛੱਡਣਾ ਪਿਆ ਤੇ ਇਸ ਤੋਂ ਬਾਅਦ ਗੁਰੂ ਸਾਹਿਬ ਦੇ ਛੋਟੇ ਅਤੇ ਵੱਡੇ ਸਾਹਿਬਜ਼ਾਦੇ, ਮਾਤਾ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਇੱਕ ਦੂਜੇ ਤੋਂ ਵਿੱਛੜ ਗਏ। ਮਾਤਾ ਜੀ ਸੱਤ ਅਤੇ ਨੌਂ ਸਾਲ ਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਸਮੇਤ ਜਥੇ ਤੋਂ ਵਿੱਛੜ ਗਏ ਅਤੇ ਸਿਰਸਾ ਨਦੀ ਦੇ ਕੰਢੇ ਤੋਂ ਗੰਗੂ ਦੇ ਨਾਲ ਉਹਦੇ ਪਿੰਡ ਸਹੇੜੀ, ਮੋਰਿੰਡਾ ਦੇ ਨਜ਼ਦੀਕ ਪਹੁੰਚੇ ਪਰ ਗੰਗੂ ਵੱਲੋਂ ਉਨ੍ਹਾਂ ਨੂੰ ਧੋਖਾ ਦੇ ਕੇ ਸਥਾਨਕ ਮੁਸਲਿਮ ਅਫਸਰਾਂ ਕੋਲੋਂ ਗ੍ਰਿਫਤਾਰ ਕਰਵਾ ਦਿੱਤਾ।

ਪ20 ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕਦੋਂ ਗ੍ਰਿਫਤਾਰ ਕੀਤਾ ਗਿਆ?
ੳ ਉਨ੍ਹਾਂ ਨੂੰ 8 ਦਸੰਬਰ 1705 ਨੂੰ ਗ੍ਰਿਫਤਾਰ ਕਰਕੇ ਸਰਹੰਦ ਦੇ ਕਿਲੇ ਵਿੱਚ ਲਿਜਾਇਆ ਗਿਆ ਜਿਸ ਨੂੰ ਸਿੱਖ ਇਤਿਹਾਸ ਵਿੱਚ ਠੰਢਾ ਬੁਰਜ ਕਿਹਾ ਜਾਂਦਾ ਹੈ।ਸਾਹਿਬਜ਼ਾਦਿਆਂ ਨੂੰ ਪਹਿਲੇ ਦਿਨ ਤੋਂ ਹੀ ਸੂਬੇ ਦੀ ਕਚਹਿਰੀ ਵਿੱਚ ਪੇਸ਼ ਹੋਣ ਦਾ ਹੁਕਮ ਸੁਣਾਇਆ ਗਿਆ। ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਇਹ ਦ੍ਰਿੜ ਕਰਵਾਇਆ ਕਿ ਉਹ ਆਪਣੇ ਧਰਮ ਤੋਂ ਕਦੀ ਨਹੀਂ ਡੋਲਣਗੇ। 11 ਦਸੰਬਰ 1705 ਨੂੰ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਪਰ ਕੰਧਾਂ ਸਿਰ ਤੱਕ ਪਹੁੰਚਣ ਤੋਂ ਪਹਿਲਾਂ ਡਿੱਗ ਪਈਆਂ, ਫਿਰ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ। ਮਾਤਾ ਗੁਜਰ ਕੌਰ ਨੇ ਠੰਢੇ ਬੁਰਜ ਵਿੱਚ ਬਿਨਾਂ ਗਰਮ ਕੱਪੜਿਆਂ ਤੋਂ ਸਮਾਂ ਕੱਟਿਆ ਪਰ ਕਦੀ ਵੀ ਰੱਬ ਨਾਲ ਸ਼ਿਕਵਾ ਨਹੀਂ ਕੀਤਾ ਅਤੇ ਸਿੱਖੀ ਰਵਾਇਤ ਅਨੁਸਾਰ ਬਾਣੀ ਪੜ੍ਹਦੇ ਰਹੇ।ਮਾਤਾ ਜੀ ਵੀ ਸਾਹਿਬਜ਼ਾਦਿਆਂ ਦੇ ਨਾਲ ਉਸੇ ਦਿਨ ਹੀ ਸ਼ਹੀਦ ਹੋ ਗਏ।

ਪ21 ਸਿੱਖੀ ਵਿੱਚ ਮਾਤਾ ਜੀ ਨੇ ਕਿਵੇਂ ਮਹੱਤਵਪੂਰਨ ਭੂਮਿਕਾ ਨਿਭਾਈ?
ੳ ਬਿਨਾਂ ਸ਼ੱਕ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ " ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ" ਮਾਤਾ ਗੁਜਰ ਕੌਰ ਜੀ ਨੇ ਇਸ ਗੱਲ ਨੂੰ ਸੱਚ ਸਾਬਤ ਕਰਦਿਆਂ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਉਨ੍ਹਾਂ ਦੀ ਹੀ ਪ੍ਰੇਰਨਾ ਸੀ ਕਿ ਛੋਟੇ ਸਾਹਿਬਜ਼ਾਦੇ ਆਪਣੇ ਧਰਮ ਤੇ ਅਡੋਲ ਰਹੇ। ਸੇਠ ਟੋਡਰ ਮੱਲ ਜੋ ਇੱਕ ਬਹੁਤ ਦਿਆਲੂ ਸਿੱਖ ਸੀ ,ਉਸ ਨੇ ਤਿੰਨਾਂ ਦੇਹਾਂ ਦਾ ਅੰਤਿਮ ਸੰਸਕਾਰ ਅਗਲੇ ਦਿਨ ਕੀਤਾ।

ਪ22 ਸਰਹੰਦ ਨਜ਼ਦੀਕ ਇੱਕ ਇਤਿਹਾਸਕ ਜਗ੍ਹਾ ਨੂੰ ਕੀ ਕਿਹਾ ਜਾਂਦਾ ਹੈ?
ੳ, ਸਰਹੰਦ ਦੇ ਨਜ਼ਦੀਕ ਫ਼ਤਹਿਗੜ੍ਹ ਸਾਹਿਬ ਵਿਖੇ ਸਥਿਤ ਇਤਿਹਾਸਕ ਸਥਾਨ ਗੁਰਦੁਆਰਾ ਮਾਤਾ ਗੁਜਰੀ ਅਤੇ ਠੰਡਾ ਬੁਰਜ ਕਿਹਾ ਜਾਂਦਾ ਹੈ। ਇਹ ਉਹ ਸਥਾਨ ਹੈ ਜਿੱਥੇ ਮਾਤਾ ਜੀ ਨੇ ਆਪਣੀ ਜ਼ਿੰਦਗੀ ਦੇ ਅਖੀਰੀ ਚਾਰ ਦਿਨ ਬਿਤਾਏ। ਇੱਥੋਂ ਇੱਕ ਕਿਲੋਮੀਟਰ ਦੱਖਣ ਪੂਰਬ ਵੱਲ ਗੁਰਦੁਆਰਾ ਜੋਤੀ ਸਰੂਪ ਹੈ ਜਿਸ ਜਗ੍ਹਾ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ।ਇਸ ਜਗ੍ਹਾ ਤੇ ਇੱਕ ਗੁੰਬਦ ਵਾਲੀ ਇਮਾਰਤ ਹੈ ਜਿੱਥੇ ਚਿੱਟਾ ਸੰਗਮਰਮਰ ਦਾ ਪੱਥਰ ਮਾਤਾ ਗੁਜਰ ਕੌਰ ਜੀ ਦੀ ਯਾਦ ਵਿੱਚ ਲਗਾਇਆ ਗਿਆ। 11,12 ਤੇ 13 ਪੋਹ ਸਿੱਖ ਦੂਰ ਦੁਰਾਡੇ ਤੋਂ ਚੱਲ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਪਹੁੰਚਦੇ ਹਨ।

ਪ23 ਬਚਪਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਕਿੱਥੇ ਰਹੇ?
ੳ, ਗੁਰੂ ਗੋਬਿੰਦ ਸਿੰਘ ਜੀ ਬਚਪਨ ਵਿੱਚ ਲਖਨੌਰ ਸਾਹਿਬ ਵਿਖੇ ਰਹੇ। ਇਸ ਸਥਾਨ ਦਾ ਸਿੱਖ ਇਤਿਹਾਸ ਵਿੱਚ ਬਹੁਤ ਮਹੱਤਵ ਹੈ ਗੁਰਦੁਆਰਾ ਲਖਨੌਰ ਸਾਹਿਬ ਸਬੰਧੀ ਛਪਦੇ ਇੱਕ ਕਿਤਾਬਚੇ ਵਿੱਚ ਇਹ ਲਿਖਿਆ ਹੈ ਕਿ ਇਹ ਜਗ੍ਹਾ ਮਾਤਾ ਗੁਜਰੀ ਦੇ ਪੇਕਿਆਂ ਦਾ ਸਥਾਨ ਸੀ ਤੇ ਇਸ ਜਗ੍ਹਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕਿਰਪਾਲ ਚੰਦ ਮਿਹਰ ਚੰਦ ਅਤੇ ਲਾਲ ਚੰਦ ਸੁਭੀਖੀਆ ਜੀ ਵੀ ਮਾਤਾ ਜੀ ਦੇ ਨਾਲ ਰਹਿੰਦੇ ਸਨ।

ਪ24 ਕਿਹੜਾ ਸਥਾਨ ਸਿੱਖਾਂ ਲਈ ਮੁਕੱਦਸ ਹੈ?
ੳ, ਉਸ ਕਿਤਾਬਚੇ ਵਿੱਚ ਭਾਈ ਵੀਰ ਸਿੰਘ ਜੀ ਇਸ ਗੱਲ ਦਾ ਵਰਣਨ ਕਰਦੇ ਹਨ ਕਿ ਇਹ ਸਥਾਨ ਬਹੁਤ ਪਵਿੱਤਰ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ  ਨਾਨਕਾ ਪਰਿਵਾਰ ਰਿਹਾ ਕਰਦੇ ਸਨ। ਭਾਈ ਵੀਰ ਸਿੰਘ ਲਿਖਦੇ ਹਨ ਕਿ ਇਸ ਅਸਥਾਨ ਤੇ ਹੀ ਕਰਨਾਲ ਦਾ ਪੀਰ ਸ਼ਾਹ ਅਫਰੀਦੀ ਅਤੇ ਸਈਅਦ ਸ਼ਾਹ ਮੀਰਾਂ ਭੀਖ ਸਿਨਹਵੀ ਗੁਰੂ ਜੀ ਨੂੰ ਸਿਜਦਾ ਕਰਨ ਪਹੁੰਚੇ। ਲਖਨੌਰ ਪਿੰਡ ਅੰਬਾਲਾ ਰੋਡ ਜਿਸ ਨੂੰ ਗੁਜਰੀ ਮਾਰਗ ਵੀ ਕਿਹਾ ਜਾਂਦਾ ਹੈ ਉੱਤੇ ਸਥਿਤ ਹੈ ਇਹ ਅੰਬਾਲਾ ਕੈਂਟ ਤੋਂ ਸਾਢੇ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਇਸ ਖੇਤਰ ਨੂੰ ਪਹਿਲਾਂ ਲੱਖੀ ਨਗਰ ਜਾਂ ਲੱਖਣਪੁਰ ਵੀ ਕਿਹਾ ਜਾਂਦਾ ਸੀ ਜੋ ਪਟਿਆਲਾ ਰਿਆਸਤ ਦਾ ਹਿੱਸਾ ਹੁੰਦਾ ਸੀ।

ਪ25 ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਦੌਰਾਨ ਇਸ ਜਗ੍ਹਾ ਉੱਪਰ ਕਦੋਂ ਪਹੁੰਚੇ?
ੳ,  ਕਿਹਾ ਜਾਂਦਾ ਹੈ ਕਿ 1499 ਵਿੱਚ ਗੁਰੂ ਨਾਨਕ ਜੀ ਇਸ ਸਥਾਨ ਉੱਪਰ ਪਹੁੰਚੇ। ਭਾਈ ਲਾਲ ਚੰਦ ਸੁਭੀਖੀਆ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਨਾਨਾ ਜੀ ਸਨ ਉਨ੍ਹਾਂ ਦੇ ਵਡੇਰੇ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤੇ ਉਨ੍ਹਾਂ ਦੇ ਪੱਕੇ ਸ਼ਰਧਾਲੂ ਬਣ ਗਏ।ਕਿਤਾਬ ਚ ਵਿੱਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸ੍ਰੀ ਚੰਦ ਇਸ ਜਗ੍ਹਾ ਉੱਪਰ ਕਈ ਵਾਰ ਆਏ । ਜਦੋਂ ਗੁਰੂ ਹਰਿਗੋਬਿੰਦ ਜੀ ਕਰਤਾਰਪੁਰ ਵਿਖੇ ਸਨ ਤਾਂ ਭਾਈ ਲਾਲ ਚੰਦ ਸੁਭੀਖੀਆ ਜੀ ਲਖਨੌਰ ਛੱਡ ਕੇ ਉਨ੍ਹਾਂ ਨੂੰ ਕਰਤਾਰਪੁਰ ਵਿਖੇ ਜਾ ਮਿਲੇ ਭਾਈ ਲਾਲ ਚੰਦ ਸੁਭੀਖੀਆ ਜੀ ਨੇ ਬਾਬਾ ਸ੍ਰੀ ਚੰਦ ਰਾਹੀਂ ਆਪਣੀ ਬੇਟੀ  ਗੁਜਰੀ ਦਾ ਵਿਆਹ ਗੁਰੂ ਤੇਗ ਬਹਾਦਰ ਜੀ ਨਾਲ ਕਰਵਾਉਣ ਲਈ ਲਈ ਛੇਵੇਂ ਪਾਤਸ਼ਾਹ ਤੋਂ ਆਗਿਆ ਪ੍ਰਾਪਤ ਕੀਤੀ।

ਪ26 ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਕਿਸ ਨੇ ਲਿਖੀ?
ੳ ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਮਿਲਦਾ ਹੈ ਕਿ ਇਸ ਦਾ ਲਿਖਾਰੀ ਮਹਾਂਕਵੀ ਸੋਹਣ ਸੀ।ਇਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਵਿਆਹ 15 ਅੱਸੂ ਸੰਮਤ 1688 ਵਿੱਚ ਕਰਤਾਰਪੁਰ ਦੇ ਸਥਾਨ ਤੇ ਮਾਤਾ ਗੁਜਰੀ ਨਾਲ ਹੋਇਆ।ਇਸ ਤੋਂ ਬਾਅਦ ਭਾਈ ਲਾਲ ਚੰਦ ਜੀ ਕਰਤਾਰਪੁਰ ਛੱਡ ਕੇ ਵਾਪਸ ਲਖਨੌਰ ਚਲੇ ਗਏ।ਇਸ ਲਿਖਤ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਸੰਮਤ 1722 ਵਿੱਚ ਸਿੱਖਾਂ ਦੇ ਨੌਵੇਂ ਗੁਰੂ ਬਣੇ ਅਤੇ ਉਸ ਤੋਂ ਅਗਲੇ ਹੀ ਸਾਲ ਗੁਰੂ ਗੋਬਿੰਦ ਸਿੰਘ ਜੀ ਪਟਨਾ ਵਿਖੇ ਜਨਮ ਲਿਆ  ਸੰਮਤ 1728 ਜਦੋਂ ਗੁਰੂ ਗੋਬਿੰਦ ਸਿੰਘ ਪੰਜ ਸਾਲ ਦੇ ਸਨ ਤਾਂ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਮਾਤਾ ਗੁਜਰੀ ਨਾਲ ਪੰਜਾਬ ਭੇਜਿਆ। ਉਹ ਕੁਰੂਕਸ਼ੇਤਰ ਦੇ ਰਸਤੇ ਹੁੰਦੇ ਹੋਏ ਲਖਨੌਰ ਪਹੁੰਚੇ ਅਤੇ ਇੱਥੇ ਕੁਝ ਦੇਰ ਲਈ ਰੁਕੇ।

ਪ27  ਪੰਜਾਬ ਆਉਂਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਕਿਸ ਜਗ੍ਹਾ ਉੱਪਰ ਲੰਗਰ ਛੱਡ ਕੇ ਆਏ?
ੳ ਪੰਜਾਬ ਆਉਂਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਲਖਨੌਰ ਦੇ ਸਥਾਨ 'ਤੇ ਲੰਗਰ ਭਾਂਡੇ ਤੇ ਹੋਰ ਅਸਤਰ ਸ਼ਸਤਰ ਛੱਡ ਕੇ ਆਏ। ਇਹ ਸਭ ਚੀਜ਼ਾਂ ਲਖਨੌਰ ਸਾਹਿਬ ਗੁਰਦੁਆਰੇ ਵਿੱਚ ਅੱਜ ਵੀ ਮੌਜੂਦ ਹਨ ਅਤੇ ਇੱਕ ਪੁਰਾਣਾ ਹੁਕਮਨਾਮਾ ਵੀ ਮੌਜੂਦ ਹੈ। ਸੰਮਤ 1732 ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਮਾਤਾ ਗੁਜ਼ਰੀ ਅਤੇ ਗੁਰੂ ਗੋਬਿੰਦ ਸਿੰਘ ਕੁਝ ਦੇਰ ਲਈ ਲਖਨੌਰ ਵਿਖੇ ਪਹੁੰਚੇ। ਇਸ ਜਗ੍ਹਾ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਵਿੱਦਿਆ ਗ੍ਰਹਿਣ ਕੀਤੀ ਇਸ ਜਗ੍ਹਾ ਉੱਪਰ ਬਚਪਨ ਬਿਤਾਉਂਦਿਆਂ ਉਹ ਖਿੱਦੋ ਖੂੰਡੀ, ਗਤਕਾਬਾਜ਼ੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ, ਢਾਲ ਤਲਵਾਰ ਅਤੇ ਹੋਰ ਹਥਿਆਰਾਂ ਨਾਲ ਖੇਡਦੇ ਸਨ।